ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 5 ਮਾਰਚ, 2000

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਜੋਗਿੰਦਰ ਬਾਹਰਲਾ ਦੀ ਯਾਦ ਵਿਚ

ਇਨਕਲਾਬੀ ਅਪ੍ਰੇਟੇ 'ਹਾੜੀਆਂ-ਸੌਣੀਆਂ' ਦਾ ਸਿਰਜਣਹਾਰ ਜੋਗਿੰਦਰ ਬਾਹਰਲਾ 1950-60 ਦਾ ਸਿਰਮੌਰ ਸਟੇਜ ਕਲਾਕਾਰ ਕਿਹਾ ਜਾ ਸਕਦਾ ਸੀ। ਹੁਣ ਉਹ ਸਾਡੇ ਦਰਮਿਆਨ ਨਹੀਂ ਰਿਹਾ। ਲੰਮੀ ਬਿਮਾਰੀ ਨੇ ਉਹ ਪਿਛਲੇ ਹਫ਼ਤੇ 72 ਸਾਲ ਦੀ ਉਮਰ ਵਿਚ ਸਾਡੇ ਤੋਂ ਖੋਹ ਲਿਆ ਹੈ। ਅਸੀਂ, ਜਿਨ੍ਹਾਂ ਨੇ ਉਸ ਨੂੰ ਉਸ ਦੌਰ ਵਿਚ ਸਟੇਜ 'ਤੇ ਦੇਖਿਆ ਹੈ, ਯਕੀਨ ਨਾਲ ਕਹਿ ਸਕਦੇ ਹਾਂ ਕਿ ਆਜ਼ਾਦੀ ਤੋਂ ਬਾਅਦ ਪਿਛਲੇ 52 ਸਾਲਾਂ ਵਿਚ ਉਹਦੇ ਜਿਹਾ ਕੋਈ ਕਲਾਕਾਰ ਪੰਜਾਬ ਦੀ ਧਰਤੀ 'ਤੇ ਨਹੀਂ ਪੈਦਾ ਹੋਇਆ। ਉਹਦੇ ਹਾੜੀਆਂ-ਸੌਣੀਆਂ ਦੇ ਬੋਲ ਸਦਾ ਹਵਾ ਵਿਚ ਗੂੰਜਦੇ ਰਹਿਣਗੇ।

ਮੇਰੇ ਕੋਲ ਜੋਗਿੰਦਰ ਬਾਹਰਲਾ ਦੀ 112 ਸਫ਼ਿਆਂ ਦੀ ਇਕ ਕਿਤਾਬ 'ਧਰਤੀ ਦੇ ਬੋਲ' ਇਕ ਕੀਮਤੀ ਖ਼ਜ਼ਾਨੇ ਵਾਂਗ ਸਾਂਭੀ ਹੋਈ ਹੈ। ਇਕ ਰੁਪਿਆ 50 ਪੈਸੇ ਦੀ ਇਹ ਕਿਤਾਬ ਸ਼ਾਰਦਾ ਬਰਦਰਜ਼ ਲੁਧਿਆਣਾ ਤੋਂ ਅੱਜ ਤੋਂ 40 ਸਾਲ ਪਹਿਲਾਂ ਛਪੀ ਸੀ। ਇਹਦੇ ਵਿਚ ਜੋਗਿੰਦਰ ਬਾਹਰਲੇ ਦੇ ਅਪ੍ਰੇਟੇ ਤੇ ਗੀਤ ਹਨ। ਹਾੜੀਆਂ-ਸੌਣੀਆਂ, ਖੋਹੀਆਂ ਰੰਬੀਆਂ, ਅਪ੍ਰੇਟੇ ਅਤੇ ਮੇਰੇ ਹਾਣੀਆਂ ਜੱਟਾ ਵਰਗੇ ਐਕਸ਼ਨ ਗੀਤ ਸ਼ਾਮਲ ਹਨ। ਇਹ ਅਪ੍ਰੇਟੇ ਅਤੇ ਗੀਤ ਪੰਜਾਬੀ ਸਾਹਿਤ ਦੀਆਂ ਅਮਰ ਰਚਨਾਵਾਂ ਹਨ। ਜੋਗਿੰਦਰ ਬਾਹਰਲਾ ਨੂੰ ਯਾਦ ਕਰਦੇ ਇਨ੍ਹਾਂ ਅਪ੍ਰੇਟਿਆਂ ਦੇ ਬੋਲ ਪਾਠਕਾਂ ਨਾਲ ਸਾਂਝੇ ਕਰਨ ਦੀ ਮੈਂ ਖ਼ੁਸ਼ੀ ਲੈ ਰਿਹਾ ਹਾਂ।

ਹਾੜੀਆਂ-ਸੌਣੀਆਂ ਵਿਚ ਪ੍ਰਤੀਕ ਦੇ ਤੌਰ 'ਤੇ ਇਹ ਫ਼ਸਲਾਂ (ਕੁੜੀਆਂ ਪੀਲੇ ਅਤੇ ਹਰੇ ਕੱਪੜਿਆਂ ਵਾਲੀਆਂ ਪਾਤਰਾਂ ਦੇ ਰੂਪ ਵਿਚ) ਕਿਸਾਨ ਨਾਲ ਗੱਲਾਂ ਕਰਦੀਆਂ ਹਨ।

**ਹਾੜੀਆਂ—**
ਜਦੋਂ ਠੰਡ ਦੇ ਦਿਹਾੜੇ ਮੁਕਦੇ ਵੇ
ਦਿਨ ਸ਼ਾਹਾਂ ਦੇ ਆ ਬੂਹੇ ਉੱਤੇ ਢੁਕਦੇ ਵੇ
ਆਈਆਂ ਹਾੜੀਆਂ, ਲੈ ਚੰਗੀਆਂ ਦਿਹਾੜੀਆਂ ਵੇ

**ਸੌਣੀਆਂ—**
ਤੱਕ ਧਰਤੀ ਧੁੱਪਾਂ ਵਿਚ ਤਪਦੀ ਵੇ,
ਅੱਗਾਂ ਤੱਤੀਆਂ ਲੋਆਂ ਦੀ ਮਰਦੀ ਵੇ
ਆਈਆਂ ਸੌਣੀਆਂ ਸਮੇਂ ਨੂੰ ਰੰਗ ਲੈਣੀਆਂ ਵੇ,

**ਕਠੀਆਂ—**(ਜੱਟ ਨੂੰ ਸੰਬੋਧਨ)
ਪਾਟੇ ਲੀੜੇ ਕਿਉਂ ਵੇ ਸੀੜੇ
ਬੀਜੇਂ ਨਿਤ ਕਪਾਹਾਂ ਤੂੰ
ਮੰਦੜੀ ਹਾਲਤ ਹੋਂਦੀ ਜਾਵੇ
ਜਾਵੇਂ ਠਾਹਾਂ ਠਾਹਾਂ ਤੂੰ

**ਜੱਟ—**ਧਰਤੀ ਦੀ ਕੁੱਖ ਵਿਚ ਦਾਣਾ-
ਦਾਣਾ ਬੀ ਦਾ
ਨਿੱਤ ਨਿੱਤ ਦਿਨੇ ਆ ਦੱਬਾ
ਹਾੜੀਏ ਨੀ ਸੌਣੀਏਂ,
ਸੁਹਾਗੇ ਦੀਆਂ ਫਾਟਾਂ ਦੇਈਏ ਲਾ...
ਉੱਗ ਉੱਗ ਨਾਲੀਆਂ ਜਾਂ ਗਿੱਠ ਗਿੱਠ ਹੋ ਗਈਆਂ
ਸਰੋਂ ਵਿਚ ਸੂਤ ਲੈਂਦਾ ਆ
ਹਾੜੀਏ ਨੀ ਸੌਣੀਏਂ
ਚੱਲ ਪਈਏ ਗੋਡੀਆਂ ਦੀ ਰਾਹ...
ਆ ਗਈਆਂ ਜਾਂ ਪੀਲੇ ਪੀਲੇ ਰੰਗ ਵਿਚ ਪੱਤੀਆਂ
ਆਸ ਬੈਠੇ ਦੋਦਿਆਂ ਦੀ ਲਾ
ਹਾੜੀਏ ਨੀ ਸੌਣੀਏਂ
ਆਖੀਏ ਓ ਰੱਬਾ ਮੀਂਹ ਵਰ੍ਹਾ
ਜਾਂ ਇਹ ਵੀ ਆਸ ਟੁਟਦੀ ਤੇ
ਜਾਨ ਸਾਡੀ ਸੁੱਕਦੀ
ਖੂਹਾਂ ਵੱਲ ਚੱਲ ਪਈਏ ਧਾ
ਹਾੜੀਏ ਨੀ ਸੌਣੀਏਂ
ਰਤਾ ਵੀ ਨਾ ਕਰੀਏ ਵਸਾਹ...
ਛਿੱਟਿਆਂ ਤੇ ਪੂਣਾਂ ਵਿਚ ਦਾਣੇ ਜਦੋਂ ਪੱਕਦੇ
ਆਉਂਦਾ ਹੀ ਸਾਹ ਵਿਚ ਸਾਹ
ਹਾੜੀਏ ਨੀ ਸੌਣੀਏਂ
ਦਾਤੀਆਂ ਨੂੰ ਦੰਦੇ ਲਏ ਕਢਾ...
ਛੱਲੀਆਂ ਨੂੰ ਵੱਢੀਏ, ਕੱਢੀਏ ਤੇ ਕੁਟੀਏ
ਛੱਟ-ਛੱਟ ਕੋਠੀ ਦੇਈਏ ਪਾ
ਹਾੜੀਏ ਨੀ ਸੌਣੀਏਂ
ਆਂਵਦਾ ਫਿਰ ਮੁੱਛਾ ਉੱਤੇ ਤਾ।
ਕਣਕਾਂ ਨੂੰ ਵੱਢੀਏ, ਗਾਹੀਏ ਤੇ ਉਗਾਈਏ ਨੀ
ਬੋਹਲ ਲੱਗੇ ਪਿੜਾਂ ਵਿਚ ਆ
ਹਾੜੀਏ ਨੀ ਸੌਣੀਏ
ਨੱਚਦੇ ਫਿਰ ਸੀਨਿਆਂ 'ਚ ਚਾਅ...

ਪੂਰੀ ਫ਼ਸਲ ਉਗਾਣ ਦਾ ਇਹ ਐਕਸ਼ਨ ਗੀਤ ਜੋਗਿੰਦਰ ਬਾਹਰਲਾ ਤੇ ਉਹਦੇ ਤਿੰਨ ਸਾਥੀ 'ਗਲੀ ਗਲੀ ਵਣਜਾਰਾ ਫਿਰਦਾ' ਦੀ ਤਰਜ਼ 'ਤੇ ਬੋਲਦੇ ਸਨ। ਇਕ ਵਿਸ਼ੇਸ਼ ਪ੍ਰਭਾਵ ਥੱਲੇ ਦਰਸ਼ਕ ਸੁੰਨ ਹੋ ਜਾਂਦੇ ਸਨ। ਫੇਰ ਹਾੜੀਆਂ-ਸੌਣੀਆਂ ਬੋਲਦੀਆਂ ਸਨ।

ਹਾੜ੍ਹੀਆਂ-ਸੌਣੀਆਂ :
ਚੀਜ਼ਾਂ ਦੋ ਸਮਿਆਂ, ਵਿਚ ਲਾਈਆਂ।
ਹਾੜੀ ਸਾਉਣੀ ਦੇਣ ਦੁਹਾਈਆਂ।
ਵੇ ਤੂੰ ਕੀਹਦੇ ਪੱਲੇ ਪਾਈਆਂ।
ਜੱਟਾ ਦੱਸ ਖੋਲ੍ਹ ਕੇ
ਕਿਹੜਾ ਵੈਰੀ ਲੈ ਗਿਆ ਈ ਤੋਲ ਤੋਲ ਕੇ,

ਇਹਦਾ ਜਵਾਬ ਜੱਟ ਫੇਰ ਬੈਂਤ ਦੀ ਤਰਜ਼ ਵਿਚ ਦੇਂਦਾ ਹੈ। ਬਾਹਰਲਾ ਦੇ ਇਹ ਬੋਲ ਅਮਰ ਬੋਲ ਹੋ ਕੇ ਨਿਬੜਦੇ ਹਨ।

ਜੱਟ :
ਜਿਨ੍ਹਾਂ ਖੇਤਾਂ ਵਿਚ ਪੁਸ਼ਤਾਂ ਨੂੰ ਗਾਲ਼ਿਆ ਮੈਂ
ਅੱਜ ਤੱਕ ਨ ਬਣੇ ਮਲਕੀਤ ਮੇਰੀ
ਮੈਂ ਹਾਂ ਵਾਹਣ ਵਾਲਾ ਤੇ ਕੋਈ ਖਾਣ ਵਾਲਾ
ਕਹਿੰਦੇ ਮੁੱਢ ਤੋਂ ਚੱਲੀ ਏ ਰੀਤ ਮੇਰੀ
ਸੁਣੋਂ ਹਾੜੀਓ ਨੀ ਸੁਣੋ ਸੌਣੀਓ ਨੀ
ਗੂੜ੍ਹੀ ਤੁਸਾਂ ਦੇ ਨਾਲ ਪ੍ਰੀਤ ਮੇਰੀ।
ਸੇਹਰੇ ਬੰਨ੍ਹ ਲਿਆਵਾਂਗਾ ਲਾੜੀਓ ਨੀ
ਜਿਸ ਦਿਨ ਖੇਤਾਂ ਵਿਚ ਹੋਵੇਗੀ ਜੀਤ ਮੇਰੀ।

ਇਉਂ ਹਾੜੀਆਂ-ਸੌਣੀਆਂ ਜੱਟ ਨੂੰ ਜਾਗਣ ਲਈ ਪ੍ਰੇਰਦੀਆਂ ਹਨ ਅਤੇ 'ਸਾਡੇ ਖੇਤ, ਸਾਡੇ ਖੇਤ' ਨਾਲ ਅਪ੍ਰੇਟੇ ਦਾ ਸ਼ਿਖ਼ਰ ਜੇਤੂ ਨਾਚ ਵਿਚ ਹੁੰਦਾ ਹੈ ਅਤੇ ਹਾੜੀਆਂ-ਸੌਣੀਆਂ ਅਪ੍ਰੇਟਾ 'ਜ਼ਮੀਨ ਹੱਲ ਵਾਹਕਾਂ ਦੀ' ਵਿਚਾਰ ਨੂੰ ਸ਼ਕਤੀਸ਼ਾਲੀ ਤਰੀਕੇ ਨਾਲ ਪੇਸ਼ ਕਰਦਾ ਸੀ। ਇਸੇ ਤਰ੍ਹਾਂ 'ਖੋਹੀਆਂ ਰੰਬੀਆਂ' ਉਨ੍ਹਾਂ ਔਰਤਾਂ ਦੀ ਕਹਾਣੀ ਸੀ, ਜਿਹੜੀਆਂ ਖੇਤਾਂ ਤੇ ਵੱਟਾਂ ਤੋਂ ਘਾਹ ਘੋਤਦੀਆਂ ਹਨ ਅਤੇ ਜ਼ਿਮੀਂਦਾਰ ਦੇ ਦਮਨ ਦਾ ਸ਼ਿਕਾਰ ਹੁੰਦੀਆਂ ਹਨ।

ਜੋਗਿੰਦਰ ਬਾਹਰਲਾ ਸਾਡਾ ਉਹ ਕਲਾਕਾਰ ਸੀ, ਜੋ ਗੀਤ ਅਤੇ ਅਪ੍ਰੇਟੇ ਲਿਖਦਾ ਵੀ ਸੀ, ਉਨ੍ਹਾਂ ਨੂੰ ਗਾਉਂਦਾ ਵੀ ਸੀ ਅਤੇ ਪੂਰੀ ਸ਼ਕਤੀ ਨਾਲ ਉਨ੍ਹਾਂ ਨੂੰ ਐਕਸ਼ਨ ਦੇਂਦਾ ਸੀ। ਉਹ ਆਪਣੀ ਮਿਸਾਲ ਆਪ ਸੀ। ਉਹਦੀ ਯਾਦ ਵਿਚ ਸਾਡਾ ਸਾਰਿਆਂ ਦਾ ਸਿਰ ਝੁਕਾਣਾ ਬਣਦਾ ਹੈ।